ਮਿੱਠੇ ਬੱਚੇ:- ਤੁਹਾਨੂੰ ਹਾਲੇ ਅੱਲਾ ਮਿਲਿਆ ਹੈ ਤਾਂ ਸੁਲਟੇ ਬਣੋ ਮਤਲਬ ਆਪਣੇ ਆਪ ਨੂੰ ਆਤਮਾ ਸਮਝੋ , ਦੇਹ ਸਮਝਣਾ ਹੀ ਉਲਟਾ ਬਣਨਾ ਹੈ "

ਪ੍ਰਸ਼ਨ:- ਕਿਸ ਇੱਕ ਗੱਲ ਨੂੰ ਸਮਝਣ ਵਾਲ਼ੇ ਬੇਹੱਦ ਦੇ ਵੈਰਾਗੀ ਬਣ ਸਕਦੇ ਹਨ?

ਉੱਤਰ:- ਪੁਰਾਣੀ ਦੁਨੀਆ ਹੁਣ ਹੋਪਲੇਸ ਹੈ, ਕਬਰਿਸਤਾਨ ਬਣਨਾ ਹੈ, ਇਹ ਗੱਲ ਸਮਝ ਲਈ ਤਾਂ ਬੇਹੱਦ ਦੇ ਵੈਰਾਗੀ ਬਣ ਸਕਦੇ ਹਨ। ਤੁਸੀਂ ਜਾਣਦੇ ਹੋ ਹੁਣ ਨਵੀਂ ਦੁਨੀਆਂ ਸਥਾਪਨ ਹੋ ਰਹੀ ਹੈ। ਇਸ ਰੁਦ੍ਰ ਗਿਆਨ ਯੱਗ ਵਿੱਚ ਸਾਰੀ ਪੁਰਾਣੀ ਦੁਨੀਆ ਸਵਾਹਾ ਹੋਣੀ ਹੈ। ਇਹ ਹੀ ਇੱਕ ਗੱਲ ਤੁਹਾਨੂੰ ਬੇਹੱਦ ਦਾ ਵੈਰਾਗੀ ਬਣਾ ਦੇਵੇਗੀ। ਤੁਹਾਡੀ ਦਿਲ ਇਸ ਕਬਰਿਸਤਾਨ ਤੋਂ ਨਿਕਲ ਗਈ ਹੈ।

ਓਮ ਸ਼ਾਂਤੀ। ਉਵੇਂ ਤਾਂ ਹੈ ਡਬਲ ਓਮ ਸ਼ਾਂਤੀ ਕਿਉਂਕਿ ਦੋ ਆਤਮਾਵਾਂ ਹਨ। ਦੋਵੇਂ ਆਤਮਾਵਾਂ ਦਾ ਸਵਧਰਮ ਹੈ ਸ਼ਾਂਤ। ਬੱਚੇ ਉੱਥੇ ਸ਼ਾਂਤੀ ਵਿੱਚ ਰਹਿੰਦੇ ਹਨ, ਉਸਨੂੰ ਕਿਹਾ ਹੀ ਜਾਂਦਾ ਹੈ ਸ਼ਾਂਤੀਧਾਮ। ਬਾਪ ਵੀ ਉੱਥੇ ਰਹਿੰਦੇ ਹਨ। ਬਾਪ ਤਾਂ ਸਦਾ ਪਾਵਨ ਹੈ। ਬਾਕੀ ਜੋ ਵੀ ਮਨੁੱਖ ਮਾਤਰ ਹਨ, ਉਹ ਪੁਨਰਜਨਮ ਲੈ ਅਪਵਿੱਤਰ ਬਣਦੇ ਹਨ। ਬਾਪ ਬੱਚਿਆਂ ਨੂੰ ਕਹਿੰਦੇ ਹਨ - ਬੱਚੇ, ਆਪਣੇ ਨੂੰ ਆਤਮਾ ਸਮਝੋ। ਆਤਮਾ ਜਾਣਦੀ ਹੈ ਪਰਮਪਿਤਾ ਪਰਮਾਤਮਾ ਗਿਆਨ ਦਾ ਸਾਗਰ ਹੈ, ਸ਼ਾਂਤੀ ਦਾ ਸਾਗਰ ਹੈ, ਉਸਦੀ ਮਹਿਮਾ ਹੈ ਨਾ। ਉਹ ਸਾਰਿਆਂ ਦਾ ਬਾਪ ਹੈ ਅਤੇ ਸਭ ਦਾ ਸਦਗਤੀ ਦਾਤਾ ਵੀ ਹੈ। ਤਾਂ ਸਭ ਦਾ ਬਾਪ ਦੇ ਵਰਸੇ ਤੇ ਹੱਕ ਜਰੂਰ ਲਗਦਾ ਹੈ। ਬਾਪ ਤੋਂ ਵਰਸਾ ਕੀ ਮਿਲਦਾ ਹੈ? ਬੱਚੇ ਜਾਣਦੇ ਹਨ ਬਾਪ ਹੈ ਹੀ ਸਵਰਗ ਦਾ ਰਚਿਅਤਾ ਤਾਂ ਜ਼ਰੂਰ ਸਵਰਗ ਦਾ ਵਰਸਾ ਹੀ ਦੇਣਗੇ ਅਤੇ ਦੇਣਗੇ ਵੀ ਜਰੂਰ ਨਰਕ ਵਿੱਚ। ਨਰਕ ਦਾ ਵਰਸਾ ਦਿੱਤਾ ਹੈ ਰਾਵਣ ਨੇ। ਇਸ ਵਕ਼ਤ ਸਾਰੇ ਨਰਕਵਾਸੀ ਹਨ ਨਾ। ਤਾਂ ਜਰੂਰ ਵਰਸਾ ਰਾਵਣ ਤੋਂ ਮਿਲਿਆ ਹੈ। ਨਰਕ ਅਤੇ ਸਵਰਗ ਦੋਵੇਂ ਹਨ। ਇਹ ਕੌਣ ਸੁਣਦੇ ਹਨ? ਆਤਮਾ। ਅਗਿਆਨ ਕਾਲ ਵਿੱਚ ਵੀ ਸਭ ਕੁਝ ਆਤਮਾ ਕਰਦੀ ਹੈ, ਪਰੰਤੂ ਦੇਹ -ਅਭਿਮਾਨ ਦੇ ਕਾਰਣ ਸਮਝਦੇ ਹਨ - ਸ਼ਰੀਰ ਸਭ ਕੁਝ ਕਰਦਾ ਹੈ। ਸਾਡਾ ਸਵਧਰਮ ਹੈ ਸ਼ਾਂਤ। ਇਹ ਭੁੱਲ ਜਾਂਦੇ ਹਨ। ਅਸੀਂ ਰਹਿਣ ਵਾਲੇ ਸ਼ਾਂਤੀਧਾਮ ਦੇ ਹਾਂ। ਇਹ ਵੀ ਸਮਝਾਉਣਾ ਚਾਹੀਦਾ ਹੈ ਕਿ ਸੱਚਖੰਡ ਹੀ ਫ਼ਿਰ ਝੂਠਖੰਡ ਬਣਦਾ ਹੈ। ਭਾਰਤ ਸੱਚਖੰਡ ਸੀ ਫ਼ਿਰ ਰਾਵਣ ਰਾਜ ਝੂਠ ਖੰਡ ਵੀ ਬਣਦਾ ਹੈ। ਇਹ ਤਾਂ ਕਾਮਨ ਗੱਲ ਹੈ। ਮਨੁੱਖ ਕਿਉਂ ਨਹੀਂ ਸਮਝ ਸਕਦੇ ਹਨ! ਕਿਉਂਕਿ ਆਤਮਾ ਤਮੋਪ੍ਰਧਾਨ ਹੋ ਗਈ ਹੈ, ਜਿਸਨੂੰ ਪੱਥਰਬੁੱਧੀ ਕਹਿੰਦੇ ਹਨ। ਜਿਸਨੇ ਭਾਰਤ ਨੂੰ ਸਵਰਗ ਬਣਾਇਆ, ਪੂਜਯ ਬਣਾਇਆ ਉਨ੍ਹਾਂ ਨੂੰ ਹੀ ਫ਼ਿਰ ਪੁਜਾਰੀ ਬਣਾ ਗਾਲੀ ਦਿੰਦੇ ਹਨ। ਇਸ ਵਿੱਚ ਵੀ ਕਿਸੇ ਦਾ ਦੋਸ਼ ਨਹੀਂ। ਬਾਪ ਬੱਚਿਆਂ ਨੂੰ ਸਮਝਾਉਂਦੇ ਹਨ ਇਹ ਡਰਾਮਾ ਕਿਵੇਂ ਬਣਿਆ ਹੋਇਆ ਹੈ। ਕਿਵੇਂ ਪੂਜਯ ਤੋਂ ਪੁਜਾਰੀ ਬਣੇ। ਬਾਪ ਸਮਝਾਉਂਦੇ ਹਨ ਅੱਜ ਤੋਂ 5 ਹਜ਼ਾਰ ਸਾਲ ਪਹਿਲੋਂ ਭਾਰਤ ਵਿੱਚ ਆਦਿ ਸਨਾਤਨ ਦੇਵੀ - ਦੇਵਤਾ ਧਰਮ ਸੀ, ਕਲ੍ਹ ਦੀ ਗੱਲ ਹੈ। ਪਰੰਤੂ ਮਨੁੱਖ ਬਿਲਕੁੱਲ ਭੁੱਲੇ ਹੋਏ ਹਨ। ਇਹ ਸ਼ਾਸਤਰ ਆਦਿ ਸਭ ਭਗਤੀ ਮਾਰਗ ਦੇ ਲਈ ਬੈਠ ਬਣਾਏ ਹਨ। ਸ਼ਾਸਤਰ ਹੈ ਹੀ ਭਗਤੀ ਮਾਰਗ ਦੇ ਲਈ, ਨਾ ਕਿ ਗਿਆਨ ਮਾਰਗ ਦੇ ਲਈ। ਗਿਆਨ ਮਾਰਗ ਦਾ ਸ਼ਾਸਤਰ ਬਣਦਾ ਹੀ ਨਹੀਂ। ਬਾਪ ਹੀ ਕਲਪ - ਕਲਪ ਆਕੇ ਬੱਚਿਆਂ ਨੂੰ ਨਾਲੇਜ ਦਿੰਦੇ ਹਨ, ਦੇਵਤਾ ਪਦ ਦੇ ਲਈ। ਬਾਪ ਪੜ੍ਹਾਈ ਪੜ੍ਹਾਉਂਦੇ ਹਨ ਫ਼ਿਰ ਇਹ ਗਿਆਨ ਤਕਰੀਬਨ ਲੋਪ ਜੋ ਜਾਂਦਾ ਹੈ। ਸਤਿਯੁੱਗ ਵਿੱਚ ਕੋਈ ਸ਼ਾਸਤਰ ਹੁੰਦਾ ਨਹੀਂ। ਕਿਉਂਕਿ ਉਹ ਤਾਂ ਹੈ ਗਿਆਨ ਮਾਰਗ ਦੀ ਪ੍ਰਾਲਬੱਧ। 21 ਜਨਮਾਂ ਦੇ ਲਈ ਬੇਹੱਦ ਦੇ ਬਾਪ ਤੋਂ ਬੇਹੱਦ ਦਾ ਵਰਸਾ ਮਿਲਦਾ ਹੈ, ਪਿੱਛੋਂ ਫ਼ਿਰ ਰਾਵਣ ਦਾ ਵਰਸਾ ਮਿਲਦਾ ਹੈ ਅਲਪਕਾਲ ਦੇ ਲਈ। ਜਿਸਨੂੰ ਸੰਨਿਆਸੀ ਲੋਕ ਕਾਗ ਵਿਸ਼ਟਾ ਸਮਾਨ ਸੁੱਖ ਕਹਿੰਦੇ ਹਨ। ਦੁੱਖ ਹੀ ਦੁੱਖ ਹੈ, ਇਸਦਾ ਨਾਮ ਹੀ ਦੁੱਖਧਾਮ ਹੈ। ਕਲਯੁੱਗ ਤੋਂ ਪਹਿਲਾਂ ਹੈ ਦਵਾਪਰ, ਉਸਨੂੰ ਕਹਾਂਗੇ ਸੈਮੀ ਦੁੱਖਧਾਮ। ਇਹ ਹੈ ਫਾਈਨਲ ਦੁੱਖਧਾਮ। ਆਤਮਾ ਹੀ 84 ਜਨਮ ਲੈਂਦੀ ਹੈ, ਹੇਠਾਂ ਉਤਰਦੀ ਹੈ। ਬਾਪ ਸੀੜੀ ਚੜ੍ਹਾ ਦਿੰਦੇ ਹਨ ਕਿਉਂਕਿ ਚੱਕਰ ਨੇ ਫ਼ਿਰ ਫਿਰਨਾ ਜ਼ਰੂਰ ਹੈ। ਨਵੀਂ ਦੁਨੀਆਂ ਸੀ, ਦੇਵੀ - ਦੇਵਤਾਵਾਂ ਦਾ ਰਾਜ ਸੀ। ਦੁੱਖ ਦਾ ਨਾਮ ਨਿਸ਼ਾਨ ਨਹੀਂ ਸੀ ਇਸਲਈ ਵਿਖਾਉਂਦੇ ਹਨ ਸ਼ੇਰ - ਬੱਕਰੀ ਇੱਕਠੇ ਜਲ ਪੀਂਦੇ ਹਨ। ਉੱਥੇ ਹਿੰਸਾ ਦੀ ਕੋਈ ਗੱਲ ਹੀ ਨਹੀਂ। ਅਹਿੰਸਾ ਪਰਮੋ ਦੇਵੀ - ਦੇਵਤਾ ਧਰਮ ਕਿਹਾ ਜਾਂਦਾ ਹੈ। ਇੱਥੇ ਹੈ ਹਿੰਸਾ। ਪਹਿਲੀ - ਪਹਿਲੀ ਹਿੰਸਾ ਹੈ ਕਾਮ ਕਟਾਰੀ ਚਲਾਉਣਾ। ਸਤਿਯੁੱਗ ਵਿੱਚ ਵਿਕਾਰੀ ਕੋਈ ਹੁੰਦਾ ਨਹੀਂ। ਉਨ੍ਹਾਂ ਦੀ ਤਾਂ ਮਹਿਮਾ ਗਾਉਂਦੇ ਹਨ। ਲਕਸ਼ਮੀ ਨਰਾਇਣ ਦੀ ਮਹਿਮਾ ਗਾਉਂਦੇ ਹਨ ਨਾ-ਆਪ ਸੰਪੂਰਨ ਨਿਰਵਿਕਾਰੀ…। ਇਹ ਕਲਯੁੱਗ ਹੈ ਆਇਰਨ ਏਜਡ ਵਰਲਡ। ਇਹਨਾਂ ਨੂੰ ਕੋਈ ਗੋਲਡਨ ਏਜ ਤਾਂ ਕਹਿ ਨਹੀਂ ਸਕਦੇ। ਡਰਾਮਾ ਹੀ ਇਵੇਂ ਦਾ ਬਣਿਆ ਹੋਇਆ ਹੈ। ਸਤਿਯੁੱਗ ਹੈ ਸ਼ਿਵਾਲਿਆ। ਉੱਥੇ ਸਭ ਹਨ ਪਾਵਨ, ਜਿਨ੍ਹਾਂ ਦੇ ਚਿੱਤਰ ਵੀ ਹਨ। ਸ਼ਿਵਾਲਿਆ ਬਣਾਉਣ ਵਾਲੇ ਸ਼ਿਵਬਾਬਾ ਦਾ ਵੀ ਚਿੱਤਰ ਹੈ। ਭਗਤੀ ਮਾਰਗ ਵਿੱਚ ਉਨ੍ਹਾਂ ਨੂੰ ਅਨੇਕ ਨਾਮ ਦੇ ਦਿੱਤੇ ਹਨ। ਵਾਸਤਵ ਵਿੱਚ ਨਾਮ ਹੈ ਇੱਕ। ਬਾਪ ਨੂੰ ਆਪਣਾ ਸ਼ਰੀਰ ਤਾਂ ਹੈ ਨਹੀਂ। ਖੁਦ ਕਹਿੰਦੇ ਹਨ ਮੈਨੂੰ ਆਪਣਾ ਪਰਿਚੈ ਦੇਣ ਅਤੇ ਰਚਨਾ ਦੇ ਆਦਿ -ਮੱਧ - ਅੰਤ ਦਾ ਗਿਆਨ ਸੁਣਾਉਣ ਆਉਣਾ ਪੈਂਦਾ ਹੈ। ਮੈਨੂੰ ਆਕੇ ਤੁਹਾਡੀ ਸਰਵਿਸ ਕਰਨੀ ਹੁੰਦੀ ਹੈ। ਤੁਸੀਂ ਹੀ ਮੈਨੂੰ ਬੁਲਾਉਂਦੇ ਹੋ ਹੇ ਪਤਿਤ ਪਾਵਨ ਆਓ। ਸਤਿਯੁੱਗ ਵਿੱਚ ਨਹੀਂ ਬੁਲਾਉਂਦੇ ਹੋ। ਇਸ ਸਮੇਂ ਸਭ ਬੁਲਾਉਂਦੇ ਹਨ ਕਿਉਂਕਿ ਵਿਨਾਸ਼ ਸਾਹਮਣੇ ਖੜ੍ਹਾ ਹੈ। ਭਾਰਤਵਾਸੀ ਜਾਣਦੇ ਹਨ ਇਹ ਉਹ ਹੀ ਮਹਾਭਾਰਤ ਲੜ੍ਹਾਈ ਹੈ। ਫਿਰ ਆਦਿ ਸਨਾਤਨ ਦੇਵੀ -ਦੇਵਤਾ ਧਰਮ ਦੀ ਸਥਾਪਨਾ ਹੁੰਦੀ ਹੈ। ਬਾਪ ਵੀ ਕਹਿੰਦੇ ਹਨ ਮੈਂ ਰਾਜਿਆਂ ਦਾ ਰਾਜਾ ਬਣਾਉਣ ਆਉਂਦਾ ਹਾਂ। ਅੱਜਕਲ ਤਾਂ ਮਹਾਰਾਜਾ, ਬਾਦਸ਼ਾਹ ਆਦਿ ਹੈਂ ਨਹੀਂ।

ਹਾਲੇ ਤਾਂ ਪ੍ਰਜਾ ਦਾ ਪਰਜਾ ਤੇ ਰਾਜ ਹੈ। ਬੱਚੇ ਸਮਝਦੇ ਹਨ ਅਸੀਂ ਭਾਰਤਵਾਸੀ ਸਾਲਵੇਂਟ ਸੀ। ਹੀਰੇ ਜਵਾਹਰਤਾਂ ਦੇ ਮਹਿਲਾਂ ਵਿੱਚ ਸੀ। ਨਵੀਂ ਦੁਨੀਆਂ ਸੀ ਫ਼ਿਰ ਨਵੀਂ ਹੀ ਪੁਰਾਣੀ ਬਣੀ ਹੈ। ਹਰ ਚੀਜ਼ ਪੁਰਾਣੀ ਤਾਂ ਹੁੰਦੀ ਹੀ ਹੈ। ਜਿਵੇਂ ਮਕਾਨ ਨਵਾਂ ਬਣਾਉਂਦੇ ਹਨ ਫ਼ਿਰ ਆਖ਼ਿਰ ਤਾਂ ਉੱਮਰ ਘੱਟ ਹੁੰਦੀ ਜਾਵੇਗੀ। ਕਿਹਾ ਜਾਵੇਗਾ ਇਹ ਨਵਾਂ ਹੈ, ਇਹ ਅੱਧਾ ਪੁਰਾਣਾ ਹੈ ਇਹ ਮਾਧਿਅਮ ਹੈ। ਹਰ ਇੱਕ ਚੀਜ਼ ਸਤੋ, ਰਜੋ, ਤਮੋ ਹੁੰਦੀ ਹੈ। ਭਗਵਨੁਵਾਚ ਹੈ ਨਾ। ਭਗਵਾਨ ਮਤਲਬ ਭਗਵਾਨ। ਭਗਵਾਨ ਕਿਸਨੂੰ ਕਿਹਾ ਜਾਂਦਾ ਹੈ, ਇਹ ਵੀ ਨਹੀਂ ਜਾਣਦੇ ਹਨ। ਰਾਜਾ ਰਾਣੀ ਹੈ ਨਹੀਂ। ਇੱਥੇ ਹੈ ਪ੍ਰੈਜੀਡੈਂਟ, ਪ੍ਰਾਇਮ ਮਿਨਿਸਟਰ ਅਤੇ ਉਹਨਾਂ ਦੇ ਢੇਰ ਮਿਨਿਸਟਰ… ਸਤਿਯੁੱਗ ਵਿੱਚ ਹਨ ਯਥਾ ਰਾਜਾ ਰਾਣੀ… ਫ਼ਰਕ ਤਾਂ ਬਾਪ ਨੇ ਦੱਸਿਆ ਹੈ। ਸਤਿਯੁੱਗ ਦੇ ਜੋ ਮਾਲਿਕ ਹਨ ਉਨ੍ਹਾਂ ਦੇ ਮਿਨਿਸਟਰ ਅਡਵਾਈਜ਼ਰ ਹੁੰਦੇ ਨਹੀਂ। ਲੋੜ ਨਹੀਂ। ਇਸ ਵੇਲੇ ਹੀ ਸ਼ਿਵਬਾਬਾ ਤੋਂ ਤਾਕਤ ਪ੍ਰਾਪਤ ਕਰ ਉਹ ਪਦ ਪਾਉਂਦੇ ਹਨ। ਇਸ ਵਕ਼ਤ ਬਾਪ ਤੋਂ ਉੱਚ ਰਾਏ ਮਿਲਦੀ ਹੈ, ਜਿਸ ਨਾਲ ਉੱਚ ਪਦ ਪਾਉਂਦੇ ਹਨ। ਫ਼ਿਰ ਕਿਸੇ ਤੋਂ ਰਾਏ ਲੈਣਗੇ ਨਹੀਂ। ਉੱਥੇ ਵਜ਼ੀਰ ਹੁੰਦੇ ਨਹੀਂ। ਵਜ਼ੀਰ ਉਦੋਂ ਹੁੰਦੇ ਹਨ ਜਦੋਂ ਵਾਮ ਮਾਰਗ ਵਿੱਚ ਜਾਂਦੇ ਹਨ। ਅਕਲ ਚਟ ਹੋ ਜਾਂਦੀ ਹੈ।

ਮੂਲ ਗੱਲ ਹੈ ਵਿਕਾਰਾਂ ਦੀ। ਦੇਹ - ਅਭਿਮਾਨ ਨਾਲ ਹੀ ਵਿਕਾਰ ਪੈਦਾ ਹੁੰਦੇ ਹਨ। ਉਨਾਂ ਵਿੱਚ ਕਾਮ ਹੈ ਨੰਬਰਵਨ। ਬਾਪ ਕਹਿੰਦੇ ਹਨ ਇਹ ਕਾਮ ਮਹਾਸ਼ਤਰੂ ਹੈ ਇਸਤੇ ਜਿੱਤ ਪਾਉਣੀ ਹੈ। ਬਾਪ ਨੇ ਬਹੁਤ ਵਾਰ ਸਮਝਾਇਆ ਹੈ ਆਪਣੇ ਨੂੰ ਆਤਮਾ ਸਮਝੋ। ਚੰਗੇ ਤੇ ਬੁਰੇ ਸੰਸਕਾਰ ਆਤਮਾ ਵਿੱਚ ਹੀ ਹੁੰਦੇ ਹਨ। ਇੱਥੇ ਹੀ ਕਰਮਾਂ ਨੂੰ ਕੁੱਟਣਾ ਹੁੰਦਾ ਹੈ, ਸਤਿਯੁੱਗ ਵਿੱਚ ਨਹੀਂ। ਉਹ ਹੈ ਸੁੱਖਧਾਮ। ਬਾਪ ਆਕੇ ਤੁਹਾਨੂੰ ਬੱਚਿਆਂ ਨੂੰ ਸੁੱਖਧਾਮ, ਸ਼ਾਂਤੀਧਾਮ ਦਾ ਵਾਸੀ ਬਣਾਉਂਦੇ ਹਨ। ਬਾਪ ਡਾਇਰੈਕਟ ਆਤਮਾਵਾਂ ਨਾਲ ਗੱਲ ਕਰਦੇ ਹਨ। ਸਭਨੂੰ ਕਹਿੰਦੇ ਹਨ ਆਤਮਾ ਨਿਸ਼ਚੇ ਬੁੱਧੀ ਹੋ ਬੈਠੋ, ਦੇਹ - ਅਭਿਮਾਨ ਛੱਡੋ। ਇਹ ਦੇਹ ਵਿਨਾਸ਼ੀ ਹੈ, ਤੁਸੀਂ ਅਵਿਨਾਸ਼ੀ ਆਤਮਾ ਹੋ। ਇਹ ਗਿਆਨ ਹੋਰ ਕਿਸੇ ਵਿੱਚ ਹੈ ਨਹੀਂ। ਗਿਆਨ ਦਾ ਪਤਾ ਨਾ ਹੋਣ ਦੇ ਕਾਰਣ ਭਗਤੀ ਨੂੰ ਹੀ ਗਿਆਨ ਸਮਝ ਲਿਆ ਹੈ। ਹੁਣ ਤੁਸੀਂ ਬੱਚੇ ਸਮਝਦੇ ਹੋ - ਭਗਤੀ ਵੱਖ ਹੈ, ਗਿਆਨ ਨਾਲ ਤਾਂ ਸਦਗਤੀ ਹੁੰਦੀ ਹੈ। ਭਗਤੀ ਦਾ ਸੁੱਖ ਹੈ ਅਲਪਕਾਲ ਦੇ ਲਈ ਕਿਉਂਕਿ ਪਾਪ ਆਤਮਾ ਬਣ ਜਾਂਦੇ ਹਾਂ, ਵਿਕਾਰ ਵਿੱਚ ਚਲੇ ਜਾਂਦੇ ਹਾਂ। ਅੱਧਾਕਲਪ ਦੇ ਲਈ ਬੇਹੱਦ ਦਾ ਵਰਸਾ ਮਿਲਿਆ, ਉਹ ਪੂਰਾ ਹੋ ਗਿਆ। ਹੁਣ ਫ਼ਿਰ ਬਾਪ ਵਰਸਾ ਦੇਣ ਲਈ ਆਏ ਹਨ, ਜਿਸ ਵਿੱਚ ਪਵਿੱਤਰਤਾ, ਸੁੱਖ, ਸ਼ਾਂਤੀ ਸਭ ਮਿਲ ਜਾਂਦੀ ਹੈ। ਬੱਚੇ, ਤੁਸੀਂ ਜਾਣਦੇ ਹੋ ਇਹ ਪੁਰਾਣੀ ਦੁਨੀਆਂ ਤਾਂ ਕਬਰਿਸਤਾਨ ਬਣਨੀ ਹੀ ਹੈ। ਹੁਣ ਇਸ ਕਬਰਿਸਤਾਨ ਤੋਂ ਦਿਲ ਨੂੰ ਹਟਾ ਕੇ ਪਰਿਸਤਾਨ ਨਵੀਂ ਦੁਨਿਆਂ ਨਾਲ ਮਮਤਵ ਲਗਾਓ। ਜਿਵੇਂ ਲੌਕਿਕ ਬਾਪ ਨਵਾਂ ਮਕਾਨ ਬਣਾਉਂਦੇ ਹਨ ਤਾਂ ਬੱਚਿਆਂ ਦਾ ਬੁੱਧੀਯੋਗ ਪੁਰਾਣੇ ਮਕਾਨ ਤੋਂ ਨਿਕਲ ਨਵੇਂ ਮਕਾਨ ਵਿੱਚ ਲਗ ਜਾਂਦਾ ਹੈ। ਆਫ਼ਿਸ ਵਿੱਚ ਬੈਠੇ ਹੋਣਗੇ ਤਾਂ ਬੁੱਧੀ ਨਵੇਂ ਮਕਾਨ ਵਿੱਚ ਹੀ ਹੋਵੇਗੀ। ਉਹ ਹੈ ਹੱਦ ਦੀ ਗੱਲ। ਬੇਹੱਦ ਦਾ ਬਾਪ ਤਾਂ ਨਵੀਂ ਦੁਨੀਆਂ ਸਵਰਗ ਰਚ ਰਹੇ ਹਨ। ਕਹਿੰਦੇ ਹਨ ਹੁਣ ਪੁਰਾਣੀ ਦੁਨੀਆਂ ਤੋਂ ਸਬੰਧ ਤੋੜ ਇੱਕ ਬਾਪ ਨਾਲ ਜੋੜੋ। ਤੁਹਾਡੇ ਲਈ ਨਵੀਂ ਦੁਨੀਆਂ ਸਵਰਗ ਸਥਾਪਨ ਕਰਨ ਆਇਆ ਹਾਂ। ਹੁਣ ਇਹ ਸਾਰੀ ਪੁਰਾਣੀ ਦੁਨੀਆਂ ਇਸ ਰੁਦ੍ਰ ਗਿਆਨ ਯੱਗ ਵਿੱਚ ਸਵਾਹਾ ਹੋਣੀ ਹੈ। ਇਹ ਸਾਰਾ ਝਾੜ ਤਮੋਪ੍ਰਧਾਨ ਜੜ੍ਹਜੜ੍ਹੀਭੂਤ ਹੋ ਗਿਆ ਹੈ। ਹੁਣ ਫਿਰ ਨਵਾਂ ਬਣਦਾ ਹੈ। ਤਾਂ ਬਾਪ ਸਮਝਾਉਂਦੇ ਹਨ ਇਹ ਹਨ ਨਵੀਂ ਦੁਨੀਆਂ ਦੀਆਂ ਗੱਲਾਂ। ਜਿਵੇਂ ਮਨੁੱਖ ਬੀਮਾਰੀ ਵਿੱਚ ਵੀ ਹੋਪਲੈਸ ਹੋ ਜਾਂਦੇ ਹਨ ਨਾ। ਸਮਝਦੇ ਹਨ ਇਨ੍ਹਾਂ ਦਾ ਬਚਨਾ ਮੁਸ਼ਕਿਲ ਹੈ। ਉਵੇਂ ਦੁਨੀਆ ਵੀ ਹੁਣ ਹੋਪਲੈਸ ਹੈ। ਕਬਰਿਸਤਾਨ ਬਣਨਾ ਹੈ ਫ਼ਿਰ ਉਸਨੂੰ ਯਾਦ ਕਿਉਂ ਕਰਨਾ ਚਾਹੀਦਾ। ਇਹ ਹੈ ਬੇਹੱਦ ਦਾ ਸੰਨਿਆਸ। ਉਹ ਹਠਯੋਗੀ ਸਿਰਫ਼ ਘਰਬਾਰ ਛੱਡ ਜਾਂਦੇ ਹਨ। ਤੁਸੀਂ ਪੁਰਾਣੀ ਦੁਨੀਆਂ ਦਾ ਹੀ ਸੰਨਿਆਸ ਕਰਦੇ ਹੋ। ਪੁਰਾਣੀ ਦੁਨੀਆਂ ਤੋਂ ਨਵੀਂ ਦੁਨੀਆਂ ਹੋ ਜਾਂਦੀ ਹੈ।

ਬਾਪ ਕਹਿੰਦੇ ਹਨ ਮੈਂ ਤੇ ਓਬੀਡੀਐਂਟ ਸਰਵੈਂਟ ਹਾਂ। ਮੈਂ ਬੱਚਿਆਂ ਦੀ ਸਰਵਿਸ ਤੇ ਆਇਆ ਹਾਂ। ਮੈਨੂੰ ਬੁਲਾਇਆ ਹੈ - ਬਾਬਾ ਅਸੀਂ ਪਤਿਤ ਬਣ ਗਏ ਹਾਂ, ਤੁਸੀਂ ਪਤਿਤ ਦੁਨੀਆਂ ਅਤੇ ਪਤਿਤ ਸ਼ਰੀਰ ਵਿੱਚ ਆਓ। ਨਿਮੰਤਰਣ ਵੇਖੋ ਕਿਵੇਂ ਦਿੰਦੇ ਹਨ! ਪਤਿਤ ਬਣਾਉਣ ਵਾਲਾ ਰਾਵਣ ਹੈ, ਜਿਸਨੂੰ ਜਲਾਉਂਦੇ ਰਹਿੰਦੇ ਹਨ। ਇਹ ਬਹੁਤ ਕੜਾ ਦੁਸ਼ਮਣ ਹੈ। ਜਦੋਂ ਤੋਂ ਇਹ ਰਾਵਣ ਆਇਆ ਹੈ ਤੁਹਾਨੂੰ ਆਦਿ-ਮੱਧ - ਅੰਤ ਦੁੱਖ ਮਿਲਿਆ ਹੈ। ਵਿਸ਼ੇ ਸਾਗਰ ਵਿੱਚ ਗੋਤੇ ਖਾਂਦੇ ਰਹਿੰਦੇ ਹੋ। ਹੁਣ ਬਾਪ ਕਹਿੰਦੇ ਹਨ ਵਿਸ਼ ਛੱਡ ਗਿਆਨ ਅੰਮ੍ਰਿਤ ਪਿਓ। ਅੱਧਾਕਲਪ ਰਾਵਣ ਰਾਜ ਵਿੱਚ ਤੁਸੀਂ ਵਿਕਾਰਾਂ ਦੇ ਕਾਰਣ ਕਿੰਨੇ ਦੁੱਖੀ ਬਣ ਗਏ ਹੋ। ਇਤਨੇ ਮਤਵਾਲੇ ਬਣ ਜਾਂਦੇ ਹੋ ਜੋ ਗਾਲੀ ਬੈਠ ਦਿੰਦੇ ਹੋ। ਗਾਲੀ ਵੀ ਇੰਨੀ ਦਿੰਦੇ ਹੋ ਜੋ ਕਮਾਲ ਕਰਦੇ ਹੋ ਜੋ ਤੁਹਾਨੂੰ ਪਾਵਨ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ, ਉਨ੍ਹਾਂ ਨੂੰ ਸਭ ਤੋਂ ਜ਼ਿਆਦਾ ਗਾਲੀਆਂ ਦਿੰਦੇ ਹੋ। ਮਨੁੱਖਾਂ ਦੇ ਲਈ ਤਾਂ ਕਹਿੰਦੇ ਹੋ 84 ਲੱਖ ਜੂਨਾਂ ਅਤੇ ਮੈਨੂੰ ਸਰਵਵਿਆਪੀ ਕਹਿ ਦਿੰਦੇ ਹੋ। ਇਹ ਵੀ ਡਰਾਮਾ ਹੈ। ਤੁਹਾਨੂੰ ਹੰਸੀ ਵਿੱਚ ਸਮਝਾਉਂਦੇ ਹਨ। ਚੰਗੇ ਤੇ ਬੁਰੇ ਸੰਸਕਾਰ - ਸੁਭਾਅ ਆਤਮਾ ਦੇ ਹੀ ਹੁੰਦੇ ਹਨ। ਆਤਮਾ ਕਹਿੰਦੀ ਹੈ ਅਸੀਂ 84 ਜਨਮ ਭੋਗਦੇ ਹਾਂ। ਆਤਮਾ ਹੀ ਇੱਕ ਸ਼ਰੀਰ ਛੱਡ ਦੂਸਰਾ ਲੈਂਦੀ ਹੈ। ਇਹ ਵੀ ਹੁਣ ਬਾਪ ਨੇ ਸਮਝਾਇਆ ਹੈ। ਡਰਾਮਾ ਦੇ ਪਲੈਨ ਅਨੁਸਾਰ ਫਿਰ ਬਾਪ ਹੀ ਆਕੇ ਜੋ ਉਲਟੇ ਹੋ ਗਏ ਹਨ ਉਨ੍ਹਾਂ ਨੂੰ ਸੁਲਟੇ ਬਣਾਉਂਦੇ ਹਨ। ਰਾਵਣ ਉਲਟਾ ਬਣਾਉਂਦਾ ਹੈ। ਫਿਰ ਸੁਲਟਾ ਬਨਣ ਨਾਲ ਤੁਸੀਂ ਸਿੱਧੇ ਖੜ੍ਹੇ ਹੋ ਜਾਂਦੇ ਹੋ। ਇਹ ਇੱਕ ਨਾਟਕ ਹੈ। ਇਹ ਗਿਆਨ ਬਾਪ ਹੀ ਬੈਠ ਦੱਸਦੇ ਹਨ। ਭਗਤੀ, ਭਗਤੀ ਹੈ। ਗਿਆਨ, ਗਿਆਨ ਹੈ। ਭਗਤੀ ਬਿਲਕੁੱਲ ਵੱਖ ਹੈ। ਕਹਿੰਦੇ ਹਨ ਇੱਕ ਤਲਾਬ ਹੈ ਜਿੱਥੇ ਸ਼ਨਾਨ ਕਰਨ ਨਾਲ ਪਰੀਆਂ ਬਣ ਜਾਂਦੀਆਂ ਹਨ। ਫਿਰ ਕਹਿ ਦਿੰਦੇ ਹਨ ਪਾਰਵਤੀ ਨੂੰ ਅਮਰਕਥਾ ਸੁਣਾਈ। ਹੁਣ ਤੁਸੀਂ ਅਮਰਕਥਾ ਸੁਣ ਰਹੇ ਹੋ ਨਾ। ਸਿਰਫ਼ ਇੱਕ ਪਾਰਵਤੀ ਨੂੰ ਅਮਰਕਥਾ ਸੁਣਾਈ ਕੀ! ਇਹ ਤਾਂ ਬੇਹੱਦ ਦੀ ਗੱਲ ਹੈ। ਅਮਰਲੋਕ ਹੈ ਸਤਿਯੁੱਗ, ਮ੍ਰਿਤੂਲੋਕ ਹੈ ਕਲਯੁੱਗ। ਇਸਨੂੰ ਕੰਢਿਆਂ ਦਾ ਜੰਗਲ ਕਿਹਾ ਜਾਂਦਾ ਹੈ। ਬਾਪ ਨੂੰ ਜਾਣਦੇ ਹੀ ਨਹੀਂ। ਕਹਿੰਦੇ ਵੀ ਹਨ ਪਰਮਪਿਤਾ ਪਰਮਾਤਮਾ, ਹੇ ਭਗਵਾਨ। ਪਰੰਤੂ ਜਾਣਦੇ ਨਹੀਂ। ਤੁਸੀਂ ਵੀ

ਨਹੀਂ ਜਾਣਦੇ ਸੀ। ਤੁਹਾਨੂੰ ਬਾਪ ਨੇ ਆਕੇ ਸੁਲਟੇ ਬਣਾਇਆ ਹੈ। ਭਗਵਾਨ ਨੂੰ ਅੱਲਾ ਕਿਹਾ ਜਾਂਦਾ ਹੈ। ਅੱਲਾ ਪੜ੍ਹਾਕੇ ਅੱਲਾ ਪਦ ਦੇਣਗੇ ਨਾ। ਪਰੰਤੂ ਭਗਵਾਨ ਇੱਕ ਹੈ। ਇਨ੍ਹਾਂਨੂੰ (ਲਕਸ਼ਮੀ - ਨਾਰਾਇਣ ) ਭਗਵਾਨ- ਭਗਵਤੀ ਨਹੀਂ ਕਹਾਂਗੇ। ਇਹ ਤਾਂ ਪੁਨਰਜਨਮ ਵਿੱਚ ਆਉਂਦੇ ਹਨ ਨਾ। ਮੈਂ ਹੀ ਇੰਨਾਂ ਨੂੰ ਪੜ੍ਹਾਕੇ ਦੈਵੀਗੁਣਾਂ ਵਾਲਾ ਬਣਾਇਆ ਹੈ।

ਤੁਸੀਂ ਸਾਰੇ ਬ੍ਰਦਰਜ਼ ਹੋ। ਬਾਪ ਦੇ ਵਰਸੇ ਦੇ ਹਕਦਾਰ ਹੋ। ਮਨੁੱਖ ਤਾਂ ਘੋਰ ਹਨ੍ਹੇਰੇ ਵਿੱਚ ਹਨ। ਆਸੁਰੀ ਸੰਪਰਦਾਇ ਹੈ ਨਾ। ਕਹਿੰਦੇ ਹਨ ਕਲਯੁੱਗ ਤਾਂ ਹਾਲੇ ਰੇਗੜੀ ਪਹਿਣਦੇ ਹਨ(ਛੋਟੇ ਬੱਚੇ ਵਾਂਗੂੰ ਗੋਡਿਆਂ ਦੇ ਭਾਰ ਚਲਣਾ), ਸਮਝਦੇ ਹਨ ਹਾਲੇ ਬਹੁਤ ਸਾਲ ਪਏ ਹਨ। ਕਿੰਨਾਂ ਅਗਿਆਨ ਹਨ੍ਹੇਰੇ ਵਿੱਚ ਸੁੱਤੇ ਹੋਏ ਹਨ। ਇਹ ਵੀ ਖੇਲ ਹੈ। ਸੋਝਰੇ ਵਿੱਚ ਦੁੱਖ ਨਹੀਂ ਹੁੰਦਾ, ਹਨ੍ਹੇਰੇ ਵਿੱਚ ਰਾਤ ਨੂੰ ਦੁੱਖ ਹੁੰਦਾ ਹੈ। ਇਹ ਵੀ ਤੁਸੀਂ ਹੀ ਸਮਝਦੇ ਹੋ ਅਤੇ ਸਮਝਾ ਸਕਦੇ ਹੋ। ਪਹਿਲੋਂ - ਪਹਿਲੋਂ ਤਾਂ ਹਰੇਕ ਮਨੁੱਖ ਨੂੰ ਬਾਪ ਦਾ ਪਰਿਚੈ ਦੇਣਾ ਹੈ। ਦੋ ਬਾਪ ਤਾਂ ਹਰੇਕ ਦੇ ਹੁੰਦੇ ਹਨ। ਹੱਦ ਦਾ ਬਾਪ ਹੱਦ ਦਾ ਸੁੱਖ ਦਿੰਦੇ ਹਨ, ਬੇਹੱਦ ਦਾ ਬਾਪ ਬੇਹੱਦ ਦਾ ਹੀ ਸੁੱਖ ਦਿੰਦੇ ਹਨ। ਸ਼ਿਵਰਾਤਰੀ ਮਨਾਉਂਦੇ ਹਨ ਤਾਂ ਜਰੂਰ ਬਾਪ ਆਉਂਦੇ ਹਨ ਸਵਰਗ ਸਥਾਪਨ ਕਰਨ। ਜੋ ਸਵਰਗ ਪਾਸਟ ਹੋ ਗਿਆ ਹੈ ਫ਼ਿਰ ਤੋਂ ਸਥਾਪਨ ਕਰ ਰਹੇ ਹਨ। ਹੁਣ ਹੈ ਤਮੋਪ੍ਰਧਾਨ ਦੁਨੀਆਂ ਨਰਕ। ਡਰਾਮਾ ਪਲੈਨ ਅਨੁਸਾਰ ਜਦੋਂ ਐਕੁਰੇਟ ਸਮਾਂ ਹੁੰਦਾ ਹੈ ਤਾਂ ਫਿਰ ਮੈਂ ਆਕੇ ਆਪਣਾ ਪਾਰਟ ਵਜਾਉਂਦਾ ਹਾਂ। ਮੈਂ ਤੇ ਹਾਂ ਨਿਰਾਕਾਰ। ਮੈਨੂੰ ਮੁੱਖ ਤਾਂ ਜਰੂਰ ਚਾਹੀਦਾ ਹੈ। ਬੈਲ ਦਾ ਮੂੰਹ ਥੋੜ੍ਹੀ ਨਾ ਹੋਵੇਗਾ। ਮੈਂ ਮੂੰਹ ਇਨ੍ਹਾਂ ਦਾ ( ਬ੍ਰਹਮਾ ) ਲੈਂਦਾ ਹਾਂ, ਜੋ ਬਹੁਤ ਜਨਮਾਂ ਦੇ ਅੰਤ ਦੇ ਜਨਮ ਵਿੱਚ ਵਾਣਪ੍ਰਸਥ ਅਵਸਥਾ ਵਿੱਚ ਹਨ, ਇਨ੍ਹਾਂ ਵਿਚ ਪ੍ਰਵੇਸ਼ ਕਰਦਾ ਹਾਂ। ਇਹ ਆਪਣੇ ਜਨਮਾਂ ਨੂੰ ਨਹੀਂ ਜਾਣਦੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਜਿਵੇਂ ਬਾਪ ਡਾਇਰੈਕਟ ਆਤਮਾਵਾਂ ਨਾਲ ਗੱਲ ਕਰਦੇ ਹਨ, ਇਵੇਂ ਆਪਣੇ ਆਪ ਨੂੰ ਆਤਮਾ ਨਿਸ਼ਚੇ ਕਰਨਾ ਹੈ। ਇਸ ਕਬਰਿਸਤਾਨ ਵਿਚੋਂ ਮਮਤਵ ਕੱਢ ਦੇਣਾ ਹੈ। ਇਵੇਂ ਦੇ ਸੰਸਕਾਰ ਧਾਰਨ ਕਰਨੇ ਹਨ ਜੋ ਕਦੇ ਕਰਮ ਕੁੱਟਣੇ ਨਹੀਂ ਪੈਣ।

2. ਜਿਵੇਂ ਬਾਪ ਡਰਾਮੇ ਤੇ ਅਟੱਲ ਹੋਣ ਦੇ ਕਾਰਣ ਕਿਸੇ ਨੂੰ ਵੀ ਦੋਸ਼ ਨਹੀਂ ਦਿੰਦੇ, ਗਾਲੀ ਦੇਣ ਵਾਲੇ ਅਪਕਾਰੀਆਂ ਤੇ ਵੀ ਉਪਕਾਰ ਕਰਦੇ, ਇਵੇਂ ਦੇ ਬਾਪ ਸਮਾਨ ਬਣਨਾ ਹੈ। ਇਸ ਡਰਾਮੇ ਵਿੱਚ ਕਿਸੇ ਦਾ ਦੋਸ਼ ਨਹੀਂ, ਇਹ ਐਕੁਰੇਟ ਬਣਿਆ ਹੋਇਆ ਹੈ।

ਵਰਦਾਨ:- ਹਰ ਕਦਮ ਵਿਚ ਵਰਦਾਤਾ ਤੋਂ ਵਰਦਾਨ ਪ੍ਰਾਪਤ ਕਰ ਮੇਹਨਤ ਤੋਂ ਮੁਕਤ ਰਹਿਣ ਵਾਲੇ ਅਧਿਕਾਰੀ ਆਤਮਾ ਭਵ।

ਜੋ ਹਨ ਹੀ ਵਰਦਾਤਾ ਦੇ ਬੱਚੇ ਉਨ੍ਹਾਂ ਨੂੰ ਹਰ ਕਦਮ ਵਿਚ ਵਰਦਾਤਾ ਤੋਂ। ਵਰਦਾਨ ਖੁਦ ਹੀ ਮਿਲਦੇ ਹਨ। ਵਰਦਾਨ ਹੀ ਉਨ੍ਹਾਂ ਦੀ ਪਾਲਣਾ ਹੈ। ਵਰਦਾਨ ਦੀ ਪਾਲਣਾ ਨਾਲ ਹੀ ਪਲਦੇ ਹਨ। ਬਿਨਾ ਮਿਹਨਤ ਦੇ ਇੰਨੀਆਂ ਸ੍ਰੇਸ਼ਠ ਪ੍ਰਾਪਤੀਆਂ ਹੋਣਾ ਉਸ ਨੂੰ ਹੀ ਵਰਦਾਨ ਕਿਹਾ ਜਾਂਦਾ ਹੈ। ਤਾਂ ਜਨਮ - ਜਨਮ ਪ੍ਰਾਪਤੀ ਦੇ ਅਧਿਕਾਰੀ ਬਣ ਗਏ। ਹਰ ਕਦਮ ਵਿਚ ਵਰਦਾਤਾ ਦਾ ਵਰਦਾਨ ਮਿਲ ਰਿਹਾ ਹੈ ਅਤੇ ਸਦਾ ਹੀ ਮਿਲਦਾ ਰਹੇਗਾ। ਅਧਿਕਾਰੀ ਆਤਮਾ ਦੇ ਲਈ ਦ੍ਰਿਸ਼ਟੀ ਤੋਂ, ਬੋਲ ਤੋਂ, ਸੰਬੰਧ ਤੋਂ ਵਰਦਾਨ ਹੀ ਵਰਦਾਨ ਹਨ।

ਸਲੋਗਨ:- ਸਮੇਂ ਦੀ ਰਫਤਾਰ ਦੇ ਪ੍ਰਮਾਣ ਪੁਰਸ਼ਾਰਥ ਦੀ ਰਫਤਾਰ ਤੀਵ੍ਰ ਕਰੋ।

******